Australian Government
Department of Home Affairs

# ਅੰਤਰ-ਰਾਸ਼ਟਰੀ ਵਿਦਿਆਰਥੀ ਅਤੇ ਗਰੈਜੂਏਟ

ਵਿਦਿਆਰਥੀ (ਉੱਪ-ਸ਼੍ਰੇਣੀ 500) ਵੀਜ਼ਾ ਰੱਖਣ ਵਾਲਿਆਂ ਵਾਸਤੇ ਜਾਣਕਾਰੀ

## ਵੀਜ਼ਾ ਅਰਜ਼ੀ ਫੀਸ ਦੀ ਵਾਪਸੀ

ਵਿਦਿਆਰਥੀ ਵੀਜ਼ਾ ਧਾਰਕ ਜੋ 19 ਜਨਵਰੀ 2022 ਤੋਂ 19 ਮਾਰਚ 2022 ਦੇ ਵਿਚਕਾਰ ਆਸਟ੍ਰੇਲੀਆ ਪਹੁੰਚਦੇ ਹਨ ਉਹ ਵੀਜ਼ਾ ਅਰਜ਼ੀ ਫੀਸ ਦੀ ਵਾਪਸੀ ਲਈ ਯੋਗ ਹੋ ਸਕਦੇ ਹਨ। ਵਧੇਰੇ ਜਾਣਕਾਰੀ ਵਾਸਤੇ, ਵੇਖੋ ਭੁਗਤਾਨ ਵਾਪਸ ਪ੍ਰਾਪਤ ਕਰਨਾ।

## ਆਸਟ੍ਰੇਲੀਆ ਛੱਡ ਕੇ ਜਾ ਰਹੇ ਹੋ

ਜੇ ਤੁਸੀਂ ਆਸਟ੍ਰੇਲੀਆ ਛੱਡ ਕੇ ਜਾਣ ਦੀ ਚੋਣ ਕਰਦੇ ਹੋ ਅਤੇ ਦੁਬਾਰਾ ਦਾਖਲ ਹੋਣ ਦੀ ਯੋਜਨਾ ਬਣਾਉਂਦੇ ਹੋ, ਤਾਂ ਰਵਾਨਗੀ ਤੋਂ ਪਹਿਲਾਂ ਉਹਨਾਂ ਲੋੜਾਂ ਦੀ ਜਾਂਚ ਕਰੋ ਜਿੰਨ੍ਹਾਂ ਦੀ ਤੁਹਾਨੂੰ ਪਾਲਣਾ ਕਰਨ ਦੀ ਲੋੜ ਹੈ।

## ਆਸਟ੍ਰੇਲੀਆ ਵਾਪਸ ਆਉਣਾ

ਜੇ ਤੁਸੀਂ ਕੋਵਿਡ-19 (COVID-19) ਦੇ ਕਾਰਨ ਆਸਟ੍ਰੇਲੀਆ ਛੱਡ ਦਿੱਤਾ ਹੈ ਅਤੇ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਵਾਪਸ ਆਉਣਾ ਚਾਹੁੰਦੇ ਹੋ, ਤਾਂ ਤੁਸੀਂ ਬ੍ਰਿਜਿੰਗ ਵੀਜ਼ਾ A ਲਈ ਯੋਗ ਹੋ ਸਕਦੇ ਹੋ।

ਆਸਟ੍ਰੇਲੀਆ ਵਾਪਸ ਆਉਣ ਤੋਂ ਬਾਅਦ ਤੁਸੀਂ ਬ੍ਰਿਜਿੰਗ ਵੀਜ਼ਾ A ਵਾਸਤੇ ਅਰਜ਼ੀ ਦੇ ਸਕਦੇ ਹੋ ਜੇਕਰ:

- ਤੁਹਾਡੇ ਕੋਲ ਵੈਧ ਵਿਦਿਆਰਥੀ ਵੀਜ਼ਾ ਹੈ
- ਕੋਵਿਡ-19 (COVID-19) ਦੇ ਪ੍ਰਭਾਵਾਂ ਕਰਕੇ ਤੁਹਾਡੇ ਵੱਲੋਂ ਮੂਲ ਵੀਜ਼ਾ ਮਿਆਦ ਦੇ ਅੰਦਰ ਆਪਣੇ ਕੋਰਸ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਡੇ ਵੀਜ਼ੇ ਦੀ ਮਿਆਦ ਸਮਾਪਤ ਹੋ ਜਾਵੇਗੀ
- ਆਪਣੇ ਵਰਤਮਾਨ ਵਿਦਿਆਰਥੀ ਵੀਜ਼ੇ 'ਤੇ ਪਹਿਲਾਂ ਹੀ ਆਸਟ੍ਰੇਲੀਆ ਦੀ ਯਾਤਰਾ ਕਰ ਚੁੱਕੇ ਹੋ
- ਵਿਦਿਆਰਥੀ ਵੀਜ਼ੇ ਲਈ ਨਵੀਂ ਅਰਜ਼ੀ ਆਸਟ੍ਰੇਲੀਆ ਤੋਂ ਬਾਹਰ ਦਾਇਰ ਕੀਤੀ ਹੈ ਜਿਸ ਦਾ ਫੈਸਲਾ ਅਜੇ ਨਹੀਂ ਹੋਇਆ ਹੈ।

ImmiAccount ਵਿੱਚ ਲੌਗ-ਇਨ ਕਰਕੇ ਤੁਸੀਂ ਆਸਟ੍ਰੇਲੀਆ ਵਿੱਚ ਔਨਲਾਈਨ ਅਰਜ਼ੀ ਦੇ ਸਕਦੇ ਹੋ।